# DANGER ASSESSMENT FOR IMMIGRANT WOMEN
# ਪ੍ਰਵਾਸੀ ਔਰਤਾਂ ਨੂੰ ਪੇਸ਼ ਖਤਰੇ ਦਾ ਮੁਲਾਂਕਣ

ਕਈ ਜੋਖਮ ਹਿੰਸਕ ਰਿਸ਼ਤਿਆਂ ਵਿੱਚ ਬੱਝੀਆਂ ਪ੍ਰਵਾਸੀ ਔਰਤਾਂ ਨੂੰ ਵੱਧ ਖਤਰੇ ਵਿੱਚ ਪਾਉਂਦੇ ਹਨ। ਅਸੀਂ ਇਹ ਅੰਦਾਜ਼ਾ ਤਾਂ ਨਹੀਂ ਲਗਾ ਸਕਦੇ ਕਿ ਤੁਹਾਡੇ ਕੇਸ ਵਿੱਚ ਅੱਗੇ ਕੀ ਵਾਪਰਨ ਵਾਲਾ ਹੈ, ਪਰ ਫਿਰ ਵੀ ਅਸੀਂ ਤੁਹਾਨੂੰ ਘਰੇਲੂ ਹਿੰਸਾ ਦੇ ਜਾਨਲੇਵਾ ਖਤਰਿਆਂ ਵਾਰੇ ਜ਼ਰੂਰ ਜਾਗਰੂਕ ਕਰਨਾ ਚਾਹੁੰਦੇ ਹਾਂ ਕਿ ਤੁਸੀਂ ਦੇਖ ਸਕੋ ਕਿ ਕਿਹੜੇ ਹਾਲਾਤ ਤੁਹਾਡੇ ਲਈ ਜ਼ੋਖਮ ਭਰੇ ਸਿੱਧ ਹੋ ਸਕਦੇ ਹਨ।

ਕਿਰਪਾ ਕਰਕੇ ਆਪਣੇ ਸੋਸ਼ਲ ਵਰਕਰ, ਐਡਵੋਕੇਟ, ਸਲਾਹਕਾਰ ਜਾਂ ਨਰਸ ਨਾਲ ਗੱਲਬਾਤ ਕਰਕੇ ਪਤਾ ਲਗਾਉ ਕਿ ਤੁਹਾਨੂੰ ਪੇਸ਼ ਖਤਰੇ ਦਾ ਮੁਲਾਂਕਣ ਕਰਨ ਵਾਲਾ ਇਹ ਦਸਤਾਵੇਜ਼ ਤੁਹਾਡੇ ਹਾਲਾਤ 'ਤੇ ਕਿਸ ਤਰ੍ਹਾਂ ਲਾਗੂ ਹੁੰਦਾ ਹੈ!

**ਮੁਫਤ ਤੇ ਗੁਪਤ ਸਿੱਖ ਫੈਮਿਲੀ ਸੈਂਟਰ ਹੈਲਪਲਾਈਨ: 866-SFC-SEWA (732-7392)**

**ਨੈਸ਼ਨਲ ਪਰਵਾਰਿਕ ਹਿੰਸਾ ਫੋਨ ਨੰਬਰ, 24 ਘੰਟੇ ਵਾਲੀ ਹੌਟਲਾਈਨ: 1-800-799-7233**

---

**ਹਾਂ ਜਾਂ ਨਾਂਹ 'ਤੇ ਨਿਸ਼ਾਨੀ ਲਾਉ ਜੀ** ('ਉਹ' ਜਾਂ 'ਉਸ' ਤੋਂ ਭਾਵ ਹੈ ਤੁਹਾਡਾ ਪਤੀ, ਸਾਥੀ ਜਾਂ ਸਾਬਕਾ ਪਤੀ ਜਾਂ ਸਾਬਕਾ ਸਾਥੀ, ਜੋ ਵੀ ਤੁਹਾਨੂੰ ਇਸ ਵੇਲੇ ਸਰੀਰਕ / ਜਿਸਮਾਨੀ ਨੁਕਸਾਨ ਪਹੁੰਚਾ ਰਿਹਾ ਹੈ)

_____ 1 ਕੀ ਤੁਸੀਂ ਇਹਨਾਂ ਸਵਾਲਾਂ ਦੇ ਜਵਾਬ ਅੰਗਰੇਜ਼ੀ ਵਿੱਚ ਦੇਣਾ ਚਾਹੁੰਦੇ ਹੋ?

_____ 2 ਕੀ ਪਿਛਲੇ ਸਾਲ ਦੌਰਾਨ ਸਰੀਰਕ ਕੁੱਟ ਮਾਰ ਦੀਆਂ ਘਟਨਾਵਾਂ ਵਿੱਚ ਜਾਂ ਉਨ੍ਹਾਂ ਦੀ ਗੰਭੀਰਤਾ ਵਿੱਚ ਵਾਧਾ ਹੋਇਆ?

_____ 3 ਕੀ ਉਸ ਦੇ ਕੋਲ ਬੰਦੂਕ ਹੈ?

_____ 4 ਕੀ ਉਹ ਤੁਹਾਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਾ ਹੈ?

_____ 5 ਕੀ ਉਹ ਹਮੇਸ਼ਾ ਅਤੇ ਹਿੰਸਕ ਤਰੀਕੇ ਨਾਲ ਤੁਹਾਡੇ ਨਾਲ ਈਰਖਾ ਕਰਦਾ ਹੈ? (ਜਿਵੇਂ ਕਿ, ਕੀ ਉਹ ਕਹਿੰਦਾ ਹੈ ਕਿ "ਜੇ ਤੂੰ ਮੇਰੀ ਨਾ ਹੋਈ, ਤਾਂ ਕਿਸੇ ਹੋਰ ਦੀ ਵੀ ਨਹੀਂ ਹੋ ਸਕਦੀ")

_____ 6 ਕੀ ਤੁਸੀਂ ਉਸਦੀਆਂ ਤੁਹਾਡੇ ਨਾਲ ਕੀਤੀਆਂ ਹਰਕਤਾਂ ਕਰਕੇ ਸ਼ਰਮ ਮਹਿਸੂਸ ਕਰਦੇ ਹੋ?

_____ 7 ਇਕੱਠੇ ਰਹਿਣ ਤੋਂ ਬਾਦ ਪਿਛਲੇ ਸਾਲ ਦੌਰਾਨ ਕੀ ਤੁਸੀਂ ਕਿਸੇ ਵੇਲੇ ਉਸ ਨੂੰ ਛੱਡ ਕੇ ਗਏ? ਜੇ ਤੁਸੀਂ ਕਦੇ ਵੀ ਉਸ ਦੇ ਨਾਲ ਰਹੇ, ਤਾਂ ਇੱਥੇ ਨਿਸ਼ਾਨ ਲਗਾਉ _____

_____ 8 ਕੀ ਉਹ ਤੁਹਾਨੂੰ ਪੜ੍ਹਾਈ ਕਰਨ, ਨੌਕਰੀ ਦੀ ਸਿਖਲਾਈ (ਟਰੇਨਿੰਗ) ਲੈਣ, ਜਾਂ ਅੰਗਰੇਜ਼ੀ ਸਿੱਖਣ ਤੋਂ ਰੋਕਦਾ ਹੈ?

_____ 9 ਕੀ ਤੁਸੀਂ ਉਸ ਨਾਲ ਵਿਆਹੇ ਹੋਏ ਹੋ?

_____ 10 ਕੀ ਤੁਹਾਡੇ ਸਾਥੀ ਦਾ ਜਨਮ ਅਮਰੀਕਾ ਵਿੱਚ ਹੋਇਆ ਸੀ?

_____ 11 ਕੀ ਉਹ ਤੁਹਾਨੂੰ ਧਮਕੀ ਦਿੰਦਾ ਹੈ ਕਿ ਉਹ ਤੁਹਾਡੀ ਸ਼ਿਕਾਇਤ ਇਮੀਗਰੇਸ਼ਨ, ਬੱਚਿਆਂ ਦੇ ਸੁਰੱਖਿਆ ਮਹਿਕਮੇ ਜਾਂ ਕਿਸੇ ਹੋਰ ਅਧਿਕਾਰੀਆਂ ਨੂੰ ਕਰੇਗਾ?

_____ 12 ਕੀ ਉਸਨੇ ਕਦੇ ਤੁਹਾਡੇ ਉੱਤੇ ਕਿਸੇ ਹਥਿਆਰ ਦੀ ਵਰਤੋਂ ਕੀਤੀ ਹੈ, ਜਾਂ ਕਿਸੇ ਜਾਨਲੇਵਾ ਹਥਿਆਰ ਨਾਲ ਤੁਹਾਨੂੰ ਧਮਕਾਇਆ ਹੈ?
ਜੇ ਹਾਂ, ਤਾਂ ਕੀ ਉਹ ਹਥਿਆਰ ਬੰਦੂਕ ਸੀ? ਨਿਸ਼ਾਨ ਲਗਾਉ ______

_____ 13 ਕੀ ਤੁਹਾਡਾ ਕੋਈ ਬੱਚਾ ਹੈ, ਜਿਸਦਾ ਪਿਤਾ ਉਹ ਨਹੀਂ ਹੈ?

_____ 14 ਕੀ ਉਸਨੇ ਕਦੇ ਧੱਕੇ ਨਾਲ ਤੁਹਾਡੇ ਨਾ ਚਾਹੁੰਦੇ ਹੋਏ ਸਰੀਰਕ ਸੰਬੰਧ ਬਣਾਏ ਹਨ, ਜਾਂ ਜਿਸਮਾਨੀ ਹਿੰਸਾ ਕੀਤੀ ਹੈ?

_____ 15 ਕੀ ਉਸਨੇ ਕਦੇ ਤੁਹਾਡਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਹੈ?
15ੳ. ਜੇ ਹਾਂ, ਤਾਂ ਕੀ ਉਸਨੇ ਇਹ ਇੱਕ ਤੋਂ ਵੱਧ ਵਾਰ ਕੀਤਾ ਹੈ, ਜਾਂ ਕੀ ਉਸ ਦੇ ਇਹ ਕੁਝ ਕਰਨ ਤੋਂ ਬਾਦ ਤੁਸੀਂ ਬੇਹੋਸ਼ ਹੋਏ, ਜਾਂ ਤੁਹਾਨੂੰ ਚੱਕਰ ਆਏ? ਇੱਥੇ ਨਿਸ਼ਾਨ ਲਗਾਉ _______

_____ 16 ਕੀ ਉਹ ਸ਼ਰਾਬੀ ਹੈ?

_____ 17 ਕੀ ਉਹ ਤੁਹਾਡੇ ਬੱਚਿਆਂ ਦਾ ਨੁਕਸਾਨ ਕਰਨ ਦੀ ਧਮਕੀ ਦਿੰਦਾ ਹੈ?

_____ 18 ਕੀ ਤੁਸੀਂ ਬੇਰੁਜ਼ਗਾਰ ਹੋ?

_____ 19 ਕੀ ਤੁਸੀਂ ਕਾਲਜ ਦੀ ਪੜ੍ਹਾਈ ਜਾਂ ਕੋਈ ਕੋਰਸ ਕੀਤਾ ਹੈ, ਜਾਂ ਉੱਚੀ ਸਿੱਖਿਆ ਹਾਸਲ ਕੀਤੀ ਹੈ?

_____ 20 ਕੀ ਉਸ ਨੇ ਘਰੇਲੂ ਹਿੰਸਾ ਕਰਕੇ ਪੁਲਿਸ ਦੀ ਗ੍ਰਿਫਤਾਰੀ ਤੋਂ ਖੁਦ ਨੂੰ ਬਚਾਇਆ ਹੈ?

_____ 21 ਕੀ ਉਸਨੇ ਤੁਹਾਨੂੰ ਕਦੇ ਗਰਭਵਤੀ ਅਵਸਥਾ ਵਿੱਚ ਵੀ ਕੁੱਟਿਆ ਮਾਰਿਆ ਹੈ?
ਜੇ ਤੁਸੀਂ ਕਦੇ ਉਸ ਦੇ ਬੱਚੇ ਨਾਲ ਗਰਭਵਤੀ ਨਹੀਂ ਹੋਏ ਤਾਂ ਇੱਥੇ ਨਿਸ਼ਾਨ ਲਗਾਉ:____

_____ 22 ਕੀ ਉਸਨੇ ਕਦੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾਂ ਧਮਕੀ ਦਿੱਤੀ ਹੈ?

_____ 23 ਕੀ ਤੁਹਾਨੂੰ ਲੱਗਦਾ ਹੈ ਕਿ ਉਹ ਤੁਹਾਨੂੰ ਜਾਨੋਂ ਮਾਰ ਸਕਦਾ ਹੈ?

_____ 24 ਕੀ ਉਹ ਤੁਹਾਡਾ ਪਿੱਛਾ ਜਾਂ ਜਸੂਸੀ ਕਰਦਾ ਹੈ, ਧਮਕੀ ਭਰੇ ਮੈਸੇਜ ਛੱਡਦਾ ਹੈ, ਤੁਹਾਡੀਆਂ ਚੀਜ਼ਾਂ ਦੀ ਭੰਨ-ਤੋੜ ਕਰਦਾ ਹੈ ਜਾਂ ਫਿਰ ਜਦੋਂ ਤੁਸੀਂ ਨਾ ਚਾਹੁੰਦੇ ਹੋਵੋ, ਉਦੋਂ ਤੁਹਾਨੂੰ ਫੋਨ ਕਰਦਾ ਹੈ?

_____ 25 ਕੀ ਤੁਸੀਂ ਉਸ ਦੇ ਡਰ ਕਾਰਨ ਹੋਰਾਂ ਤੋਂ ਸੱਚਾਈ ਲੁਕਾਉਂਦੇ ਹੋ?

_____ *26 ਕੀ ਤੁਹਾਡੇ ਘਰ ਵਿੱਚ ਕੋਈ ਬੱਚੇ ਵੀ ਰਹਿੰਦੇ ਹਨ?

_____ *27 ਕੀ ਤੁਹਾਡੇ ਦੋਹਾਂ ਦੇ ਵੀ ਕੋਈ ਬੱਚੇ ਹਨ?

_____ 28 ਕੀ ਤੁਸੀਂ ਕਦੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾਂ ਧਮਕੀ ਦਿੱਤੀ ਹੈ?

## _____ ਕੁੱਲ ਹਾਂ ਦੇ ਜਵਾਬ

ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ। ਕਿਰਪਾ ਕਰਕੇ ਆਪਣੇ ਸੋਸ਼ਲ ਵਰਕਰ, ਐਡਵੋਕੇਟ, ਸਲਾਹਕਾਰ ਜਾਂ ਨਰਸ ਨਾਲ ਗੱਲਬਾਤ ਕਰਕੇ ਪਤਾ ਲਗਾਉ ਕਿ ਤੁਹਾਨੂੰ ਪੇਸ਼ ਖਤਰੇ ਦਾ ਮੁਲਾਂਕਣ ਕਰਨ ਵਾਲਾ ਇਹ ਦਸਤਾਵੇਜ਼ ਤੁਹਾਡੇ ਹਾਲਾਤ 'ਤੇ ਕਿਸ ਤਰ੍ਹਾਂ ਲਾਗੂ ਹੁੰਦਾ ਹੈ।

**ਮੁਫਤ ਤੇ ਗੁਪਤ ਸਿੱਖ ਫੈਮਿਲੀ ਸੈਂਟਰ ਹੈਲਪਲਾਈਨ: 866-SFC-SEWA (732-7392)**

**ਨੈਸ਼ਨਲ ਪਰਵਾਰਿਕ ਹਿੰਸਾ ਫੋਨ ਨੰਬਰ, 24 ਘੰਟੇ ਵਾਲੀ ਹੌਟਲਾਈਨ: 1-800-799-7233**

https://www.dangerassessment.org
https://www.techsafety.org/oneloveapps

SIKH FAMILY CENTER
ਸਿੱਖ ਫੈਮਿਲੀ ਸੈਂਟਰ